ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ

ਵਲੋਂ

ਨਿਗਰਾਨ ਇੰਜੀ:/ ਪ੍ਰਸੋਨਲ,
ਪੱਕਾ ਕਰਨ ਭਾਗ,ਪਟਿਆਲਾ।

ਵੱਲ

1. ਸਮੂਹ ਇੰਜੀ:ਇਨ:ਚੀਫ./ ਮੁੱਖ ਇੰਜੀਨੀਅਰਜ਼ ।
2. ਸਾਰੇ ਨਿਗਰਾਨ ਇੰਜੀਨੀਅਰਜ਼ /

ਅਤਿ-ਜਰੂਰੀ

3. ਸਾਰੇ ਸੀਨੀਅਰ ਕਾ:ਕਾ:ਇੰਜੀ:/ਕਾ:ਕਾ:ਇੰਜੀ: ਅਧੀਨ ਪਸਪਕਾਲਿ ਅਤੇ ਟਰਾਂਸਕੋ ਸਮੇਤ ਬੀ.ਬੀ.ਐਮ.ਬੀ. ਯੂ.ਟੀ. ਅਤੇ ਹਾਈਡਲ ਪ੍ਰਸ਼ਾਸ਼ਨ ,

ਮੀਮੋ ਨੰ: 50/300. / ਐਸ.ਐਲ.ਟੀ.2/ਜੇਈ.12/05
ਮਿਤੀ: 11-1-12

ਵਿਸ਼ਾ:- ਜੇ.ਈ.(ਇਲੈ:) ਕਰਮਚਾਰੀਆਂ ਦੀ ਟੈਨਟੇਟਿਵ ਸੀਨੀ. ਸੂਚੀ ਸਮਾਂ 1.1.03 ਤੋਂ 31.12.05 ਤੱਕ ਤਿਆਰ ਕਰਨ ਬਾਬਤ ਅਤੇ ਹੁਣ ਸਮਾਂ 1.1.03 ਤੋਂ 30.6.11 ਤੱਕ ਤਿਆਰ ਕਰਨ ਬਾਬਤ।

ਹਵਾਲਾ:- ਇਸ ਦਫਤਰ ਦਾ ਪੱਤਰ ਨੰ:29453/30040/ਐਸ.ਐਲ.ਟੀ.2/ਜੇ.ਈ./12/05ਵਾ:1 ਮਿਤੀ 7.12.2005.

ਜੇ.ਈ.(ਇਲੈ:) ਕਰਮਚਾਰੀਆਂ ਦੀ ਟੈਨਟੇਟਿਵ ਸੀਨੀਆਰਤਾ ਸੂਚੀ ਸਮਾਂ 1.1.95 ਤੋਂ 31.12.02 ਤੱਕ ਖੇਤਰੀ ਦਫਤਰਾਂ ਵਿੱਚ ਘੁਮਾਈ ਗਈ ਸੀ । ਹਵਾਲੇ ਅਧੀਨ ਪੱਤਰ ਰਾਹੀਂ ਸਮਾਂ 1.1.03ਤੋਂ 31.12.05 ਤੱਕ ਟੈਨਟੇਟਿਵ ਸੀਨੀਆਰਤਾ ਸੂਚੀ ਬਣਾਉਣ ਲਈ ਸੇਵਾ/ਵੇਰਵਿਆਂ ਦੀ ਮੰਗ ਕੀਤੀ ਗਈ ਸੀ, ਪਰ ਹੁਣ ਉਚ-ਅਧਿਕਾਰੀਆਂ ਨੇ ਚਾਹਿਆ ਹੈ ਕਿ ਇਹ ਸਮਾਂ ਵਧਾ ਕੇ 1.1.03 ਤੋਂ 30.6.11 ਤੱਕ ਕੀਤਾ ਜਾਵੇ। ਹੁਣ ਜੇ.ਈ. (ਇਲੈ:) ਕਰਮਚਾਰੀਆਂ ਦੀ ਟੈਨਟੇਟਿਵ ਸੀਨੀ.ਸੂਚੀ ਸਮਾਂ 1.1.03ਤੋਂ 30.6.11 ਤੱਕ ਤਿਆਰ ਕਰਨੀ ਹੈ। ਇਸ ਲਈ ਆਪ ਜੀਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਦੇ ਪ੍ਰਸ਼ਾਸ਼ਨ ਅਧੀਨ ਕੰਮ ਕਰ ਰਹੇ ਸਾਰੇ ਜੇ.ਈ. (ਇਲੈ:) ਕਰਮਚਾਰੀਆਂ ਦੇ ਪੂਰੇ ਸੇਵਾ-ਵੇਰਵੇ ਉਨਾਂ ਦੀਆਂ ਸੇਵਾ-ਪੱਤਰੀਆਂ ਤੋਂ ਤਸਦੀਕ ਕਰਕੇ ਹੇਠਾਂ ਦਰਸਾਏ ਪ੍ਰੋਫਾਰਮੇ ਤੇ ਸਮੇਤ ਦਫਤਰੀ ਹੁਕਮਾਂ ਦੇ ਜਿੰਨਾਂ ਰਾਹੀਂ ਉਹ ਹੇਠਲੇ ਰੈਂਕ ਤੋਂ ਜੇ.ਈ. ਪਦ-ਉਨਤ ਹੋਏ ਹਨ, ਤੁਰੰਤ ਭੇਜੇ ਜਾਣ ਜੀ:-

1. ਕਰਮਚਾਰੀ ਦਾ ਨਾਮ / ਅਹੁਦਾ
2. ਪਿਤਾ ਦਾ ਨਾਂ ।
3. ਜਨਮ ਮਿਤੀ
4. ਹੁਣ ਪਸਪਕਾਲਿ ਵਿੱਚ ਮੁੱਢਲੀ ਅਸਾਮੀਂ ਤੇ ਰੈਗੂਲਰ ਭਰਤੀ ਦੀ ਮਿਤੀ ।
5. ਮੌਜੂਦਾ ਅਸਾਮੀ ਤੇ ਹਾਜ਼ਰ ਹੋਣ ਦੀ ਮਿਤੀ ।
6 ਬਤੌਰ ਲ:ਮ: ਸੀਨੀ.ਸੂਚੀ ਵਿੱਚ ਸੀਨੀ.ਨੰਬਰ।
7. ਕਰਮਚਾਰੀ ਅ:ਜ:/ ਪ:ਸ਼੍ਰੇ: ਨਾਲ ਸਬੰਧ ਹੋਣ ਕਾਰਨ ਬੋਰਡ ਵਿੱਚ ਮੁਢਲੀ ਅਸਾਮੀਂ ਤੇ ਭਰਤੀ ਹੋਣ ਵੇਲੇ ਪੇਸ਼ ਕੀਤੇ ਗਏ ਸਰਟੀਫੀਕੇਟ ਦੀ ਤਸਦੀਕਸ਼ੁਦਾ ਕਾਪੀ ਭੇਜੀ ਜਾਵੇ ਜੀ।

ਨੋਟ:-ਇਹ ਤਸਦੀਕ ਕੀਤਾ ਜਾਵੇ ਕਿ ਆਪ ਜੀ ਦੇ ਪ੍ਰਸ਼ਾਸ਼ਨ ਅਧੀਨ ਕੰਮ ਕਰਦੇ ਸਾਰੇ ਕਰਮਚਾਰੀਆਂ ਦੇ ਪੂਰੇ ਸੇਵਾ-ਵੇਰਵੇ ਉਕਤ ਪ੍ਰੋਫਾਰਮੇਂ ਮੁਤਾਬਿਕ ਸੇਵਾਪੱਤਰੀ ਨਾਲ ਮੇਲ ਖਾਂਦੇ ਹਨ ਅਤੇ ਕਿਸੇ ਵੀ ਕਰਮਚਾਰੀ ਦੇ ਸੇਵਾ-ਵੇਰਵੇ ਭੇਜਣ ਤੋਂ ਨਹੀਂ ਰਹਿੰਦੇ । ਜਿੰਨਾਂ ਕਰਮਚਾਰੀਆਂ ਦੇ ਸੇਵਾ-ਵੇਰਵੇ ਸੀਨੀ.ਸੂਚੀ ਤਿਆਰ ਕਰਨ ਸਮੇਂ ਪ੍ਰਾਪਤ ਨਹੀਂ ਹੋਣਗੇ, ਉਨਾਂ ਨੂੰ ਸੀਨੀ.ਪ੍ਰਦਾਨ ਨਹੀਂ ਕੀਤੀ ਜਾਵੇਗੀ। ਜਿਸ ਲਈ ਆਪ ਜੀ ਦਾ ਦਫਤਰ ਖੁਦ ਜਿੰਮੇਵਾਰ ਹੋਵੇਗਾ ।

ਅਧੀਨ ਸਕੱਤਰ/ਜ਼ੋਨ-ਸੀ,
ਵਾ: ਨਿਗ:ਇੰਜੀ:/ਪ੍ਰਸੋਨਲ,
ਪਸਪਕਾਲਿ,ਪਟਿਆਲਾ

ਪਿੱਠ ਅੰਕਣ ਨੰ: / ਐਸ.ਐਲ.ਟੀ.3/ਜੇਈ.ਸ/ਸ/5 /05 ਵਾ:1 ਮਿਤੀ: ______

ਉਤਾਰਾ ਉਪ-ਸਕੱਤਰ / ਭਰਤੀ ਭਾਗ, ਪਟਿਆਲਾ ਅਤੇ ਅਧੀਨ ਸਕੱਤਰ / ਜ਼ੋਨ-ਟੀ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ/ਜ਼ੋਨ-ਸੀ,
ਵਾ: ਨਿਗ:ਇੰਜੀ:/ਪ੍ਰਸੋਨਲ, ਪਟਿ: